# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ,
# ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**5ਵੀਂ ਮੰਜਿਲ, ਈ.ਬਲਾਕ, ਪ.ਸ.ਸ.ਬ. ਕੰਪਲੈਕਸ, ਫੇਜ਼ 8, ਮੋਹਾਲੀ (ਅਜੀਤਗੜ)**

ਵੱਲ

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)
ਪੰਜਾਬ। (ਵੈਬਸਾਈਟ ਰਾਹੀਂ)

ਮੀਮੋ ਨੰ.2015/ਡੀ.ਜੀ.ਐਸ.ਈ/ਕੋਆਰਡੀਨੇਸਨ/2015 2022
ਮਿਤੀ: ਅਜੀਤਗੜ੍ਹ, 5-02-15

ਵਿਸ਼ਾ :- **ਪੰਜਾਬ ਰਾਜ ਵਿੱਚ ਟੋਲ-ਫ੍ਰੀ ਡਾਇਲ 104 ਮੈਡੀਕਲ ਹੈਲਪਲਾਈਨ ਦੇ ਸ਼ੁਰੂ ਹੋਣ ਸਬੰਧੀ।**

ਹਵਾਲਾ:- **ਸਿਹਤ ਤੇ ਪਰਿਵਾਰ ਭਲਾਈ ਅਤੇ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ, ਪੰਜਾਬ ਤੋਂ ਪੱਤਰ ਨੰ: ਨਿਸ/ਸਿਤੇ ਪ੍ਰ.ਭ.ਸ.ਸੰ/2015/154 ਮਿਤੀ 21.01.2015 ਦੇ ਸਬੰਧ ਵਿੱਚ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਸਿਹਤ ਵਿਭਾਗ ਵੱਲੋਂ ਸਮੇਂ-ਸਮੇਂ ਤੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਉਪਲੱਬਦ ਕਰਵਾਉਣ ਸਬੰਧੀ ਉਪਰਾਲੇ ਕੀਤੇ ਜਾਂਦੇ ਹਨ। ਸਰਕਾਰ ਦੀ ਜਾਣਕਾਰੀ ਵਿੱਚ ਇਹ ਬਾਰ-ਬਾਰ ਲਿਆਂਦਾ ਜਾ ਰਿਹਾ ਸੀ ਕਿ ਸਿਹਤ ਸੁਵਿਧਾਵਾਂ ਬਾਰੇ ਪੇਂਡੂ ਇਲਾਕਿਆਂ ਵਿੱਚ ਰਹਿ ਰਹੇ ਲੋਕਾਂ ਨੂੰ ਸਿਹਤ ਵਿਭਾਗ ਵਲੋਂ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ ਬਾਰੇ ਜਾਣਕਾਰੀ ਨਹੀਂ ਹੁੰਦੀ, ਜਿਸ ਕਾਰਣ ਉਹ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਹਤ ਵਿਭਾਗ ਵੱਲੋਂ ਮਿਤੀ 24.06.2014 ਨੂੰ ਟੋਲ ਫ੍ਰੀ ਡਾਇਲ 104 ਮੈਡੀਕਲ ਹੈਲਪਲਾਈਨ ਸ਼ੁਰੂ ਕੀਤੀ ਗਈ ਹੈ। ਇਸ ਹੈਲਪਲਾਈਨ ਰਾਹੀਂ ਪੰਜਾਬ ਵਾਸੀਆਂ ਨੂੰ ਨਿਮਨਲਿਖਤ ਸੁਵਿਧਾਵਾਂ ਉਪਲੱਬਦ ਹਨ:-

- ਇਹ ਸੇਵਾ 24 ਘੰਟੇ ਸੱਤੇ ਦਿਨ ਆਮ ਜਨਤਾ ਲਈ ਹੈ ਅਤੇ ਲੋਕਾਂ ਦੀਆਂ ਵੱਖ ਵੱਖ ਸਮੱਸਿਆਵਾਂ ਦਾ ਨਿਪਟਾਰਾ ਡਾਕਟਰ, ਮਾਹਿਰ ਕਾਂਊਸਲਰ ਅਤੇ ਟ੍ਰੇਂਡ ਪੈਰਾਮੈਡਿਕ ਸਟਾਫ ਵਲੋਂ ਕੀਤੇ ਜਾਣ ਦਾ ਪ੍ਰਬੰਧ ਹੈ।
- ਕੋਈ ਵੀ ਪੰਜਾਬ ਦਾ ਵਾਸੀ ਦੇਰ-ਸਵੇਰ ਵੇਲੇ ਜਿੱਥੇ ਕਿ ਸਿਹਤ ਸੇਵਾਵਾਂ ਤੁਰੰਤ ਨਹੀਂ ਮਿਲ ਰਹੀਆਂ, ਕਿਸੀ ਵੀ ਬੀਮਾਰੀ ਬਾਰੇ ਮੁੱਢਲੇ ਤੌਰ ਤੇ ਇਲਾਜ ਅਤੇ ਪਰਹੇਜ਼ ਦੀ ਜਾਣਕਾਰੀ ਲੈ ਸਕਦਾ ਹੈ ਅਤੇ ਨਾਲ ਹੀ ਕਿਸੇ ਵੀ ਬੀਮਾਰੀ ਲਈ ਉਸ ਨੂੰ ਕੋਲ ਪੈਂਦੀ ਕਿਸ ਸਿਹਤ ਸੰਸਥਾ ਵਿੱਚ ਜਾਣਾ ਚਾਹਿਦਾ ਹੈ, ਇਹ ਜਾਣਕਾਰੀ ਵੀ ਲੈ ਸਕਦਾ ਹੈ।
- ਇਸ ਹੈਲਪਲਾਈਨ ਦੁਆਰਾ ਕਿਸੇ ਵੀ ਵਾਸੀ ਨੂੰ ਸਿਹਤ ਵਿਭਾਗ ਵਲੋਂ ਦਿੱਤੀਆਂ ਜਾ ਰਹੀਆਂ ਵਿੱਤੀ ਸੁਵਿਧਾਵਾਂ ਅਤੇ ਹੋਰ ਸਕੀਮਾਂ ਅਤੇ ਪ੍ਰੋਜੈਕਟਾਂ ਵਿੱਚ ਮਿਲ ਰਹੀਆਂ ਸੁਵਿਧਾਵਾਂ ਬਾਰੇ ਜਾਣਕਾਰੀ ਮਿਲ ਸਕਦੀ ਹੈ।
- ਵੱਖ-ਵੱਖ ਸਿਹਤ ਸੰਸਥਾਵਾਂ ਵਿੱਚ ਉਪਲੱਬਦ ਦਵਾਈਆਂ ਅਤੇ ਮਾਹਿਰ ਡਾਕਟਰਾਂ, ਦੂਜੇ ਐਮ.ਬੀ.ਬੀ.ਐਸ ਡਾਕਟਰਾਂ ਅਤੇ ਹੋਰ ਸਮੂਹ ਡਾਕਟਰੀ ਅਮਲੇ ਸਬੰਧੀ ਜਾਣਕਾਰੀ ਲਈ ਜਾ ਸਕਦੀ ਹੈ।
- ਕਿਸੇ ਵੀ ਪੰਜਾਬੀ ਵਾਸੀ ਨੂੰ ਅਗਰ ਸਿਹਤ ਵਿਭਾਗ ਦੀ ਕਿਸੇ ਵੀ ਸੰਸਥਾ ਦੇ ਕੰਮ ਕਾਜ ਬਾਰੇ ਜਾਂ ਕਿਸੇ ਕਰਮਚਾਰੀ ਬਾਰੇ ਕੋਈ ਵੀ ਸ਼ਿਕਾਇਤ ਹੋਵੇ ਤਾਂ ਇਸ ਹੈਲਪਲਾਈਨ ਤੇ ਆਪਣੀ ਸ਼ਿਕਾਇਤ ਨੂੰ ਸਮੇਂ-ਬੱਧ ਤਰੀਕੇ ਵਿੱਚ ਨਿਪਟਾ ਕੇ ਉਸ ਸ਼ਿਕਾਇਤ ਕਰਤਾ ਨੂੰ ਸੂਚਿਤ ਕਰੇਗਾ।
- ਇਸ ਤੋਂ ਇਲਾਵਾ ਇਸ ਮੈਡੀਕਲ ਹੈਲਪਲਾਈਨ ਤੇ ਆਮਤੌਰ ਤੇ ਸਮਾਜਿਕ ਤੌਰ ਤੇ ਸ਼ੋਸਿਤ ਬਿਰਧਾਂ, ਔਰਤਾਂ ਅਤੇ ਬੱਚਿਆਂ ਲਈ ਸਪੈਸ਼ਲਾਈਜ਼ਡ ਕਾਊਂਸਲਿੰਗ ਦੀ ਸੁਵਿਧਾ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ ਸਮਾਜ ਵਿੱਚ ਚੱਲ ਰਹੀਆਂ ਕੁਰੀਤੀਆਂ ਜਿਵੇਂ ਸਰਾਬ, ਡਰੱਗ, ਸਿਗਰੇਟ-ਬੀੜੀ ਦੇ ਲਈ ਵੀ ਲੋਕਾਂ ਨੂੰ ਇਸ ਤੋਂ ਕਿਵੇਂ ਬਚਣਾ ਚਾਹੀਦਾ ਹੈ ਅਤੇ ਇਸ ਦੀ ਆਦਤ ਹੋਣ ਤੇ ਇਸ ਨੂੰ ਕਿਵੇਂ ਛੱਡਿਆ ਜਾ ਸਕਦਾ ਹੈ, ਵਿਸਥਾਰ ਵਿੱਚ ਕਾਊਂਸਲਿੰਗ ਦੀ ਸੁਵਿਧਾ ਦਾ ਵੀ ਪ੍ਰਬੰਧ ਹੈ।

• ਇਸ ਹੈਲਪਲਾਈਨ ਤੇ ਦਿਮਾਗੀ ਬੀਮਾਰੀਆਂ, ਏਡਜ਼ ਅਤੇ ਕੋਹੜ ਅਤੇ ਹੋਰ ਗੰਭੀਰ ਬੀਮਾਰੀਆਂ ਦੀ ਕਾਊਂਸਲਿੰਗ ਦਾ ਵੀ ਪ੍ਰਬੰਧ ਹੈ।

ਇਸ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਿਹਤ ਵਿਭਾਗ ਦੀ ਇਹ ਉਚੇਰੀ ਸੁਵਿਧਾ ਦੇ ਬਾਰੇ ਆਪਣੇ ਹਲਕੇ ਦੇ ਲੋਕਾਂ ਨੂੰ ਜਾਗਰੂਕ ਕਰਵਾ ਕੇ ਇਸ ਸੁਵਿਧਾ ਦੁਅਰਾ ਲਾਭ ਦਿਵਾਉਣ ਦੀ ਕ੍ਰਿਪਾਲਤਾ ਕਰਨੀ ਜੀ।

ਵਧੀਕ ਸਟੇਟ ਪ੍ਰੋਜੈਕਟ ਡਾਇਰੈਕਟਰ

ਪਿੱਠ ਅੰਕਣ ਨੰ.2015/ਡੀ.ਜੀ.ਐਸ.ਈ/ ਕੋਆਰਡੀਨੇਸਨ /2015022 ਮਿਤੀ 5.02.15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ ਜੀ।

1. ਸ਼੍ਰੀ ਸੁਰਜੀਤ ਕੁਮਾਰ ਜਿਆਣੀ, ਸਿਹਤ ਤੇ ਪਰਿਵਾਰ ਭਲਾਈ ਅਤੇ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ)।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ)।
4. ਸਮੂਹ ਸਕੂਲ ਮੁੱਖੀ ।

ਵਧੀਕ ਸਟੇਟ ਪ੍ਰੋਜੈਕਟ ਡਾਇਰੈਕਟਰ